**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਿਟੀ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ-ਸਾਇਟ ਰਾਹੀਂ)

ਮੀਮੋ ਨੰ ਆਈਸੀਟੀ/2008/ Misc/58549

ਮਿਤੀ ਚੰਡੀਗੜ੍ਹ 14 ਸਤੰਬਰ, 2010

ਵਿਸ਼ਾ ਕੰਪਿਊਟਰ ਲੈਬਜ ਦੇ ਰੱਖ ਰਖਾਓ ਬਾਰੇ

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਵੱਲੋਂ ਲਏ ਫੈਸਲੇ ਅਨੁਸਾਰ ਕੰਪਿਊਟਰ ਲੈਬਜ ਦੇ ਰੱਖ ਰਖਾਓ ਲਈ ਹਰ ਸਾਲ ਮੇਨਟੈਨੈਂਸ ਗ੍ਰਾਂਟ ਜਾਰੀ ਕੀਤੀ ਜਾਂਦੀ ਹੈ ਪਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਪੈਸੇ ਕੰਪਿਊਟਰ ਲੈਬ ਦੇ ਰੱਖ ਰਖਾਵ ਲਈ ਨਹੀਂ ਖਰਚੇ ਜਾਂਦੇ । ਨਿਰੀਖਣਾਂ ਦੌਰਾਨ ਇਹ ਗੱਲ ਵੀ ਵੇਖਣ ਵਿੱਚ ਆਈ ਹੈ ਕਿ ਕੰਪਿਊਟਰ ਲੈਬਜ ਦੀ ਮੇਨਟੇਨੈਂਸ ਵਿੱਚ ਕਾਫੀ ਕਮੀ ਰਹਿੰਦੀ ਹੈ । ਕਈ ਕੰਪਿਊਟਰ ਅਧਿਆਪਕਾਂ ਵੱਲੋਂ ਵੀ ਇਸ ਦਫਤਰ ਨੂੰ ਸਮੇ ਸਮੇ ਸਿਰ ਆਪਣੇ ਬਿਨੈ ਪੱਤਰ ਭੇਜੇ ਜਾ ਰਹੇ ਹਨ ਕਿ ਕੰਪਿਊਟਰ ਲੈਬਜ ਦੇ ਰੱਖ ਰਖਾਓ ਲਈ ਉਹ ਸਕੂਲ ਮੁੱਖੀਆਂ ਨਾਲ ਰਾਬਤਾ ਰੱਖਦੇ ਹਨ ਪਰੰਤੂ ਸਕੂਲ ਮੁੱਖੀ ਇਸ ਬਾਰੇ ਕੋਈ ਧਿਆਨ ਨਹੀਂ ਦਿੰਦੇ ਹਨ ।

3.0 ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆ ਸਕੂਲ ਮੁੱਖੀਆਂ ਨੂੰ ਇਹ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫਤਰ ਵੱਲੋਂ ਦਿੱਤੀ ਜਾਣ ਵਾਲੀ ਮੇਨਟੇਨੈਂਸ ਗ੍ਰਾਂਟ ਨੂੰ ਸਮੇ ਸਮੇ ਸਿਰ ਜਾਰੀ ਹਦਾਇਤਾਂ ਅਨੁਸਾਰ ਕੰਪਿਊਟਰ ਲੈਬਜ ਤੇ ਹੀ ਖਰਚਿਆ ਜਾਵੇ ਅਤੇ ਕੰਪਿਊਟਰ ਲੈਬਜ ਵਿੱਚ ਕੋਈ ਕਮੀ ਨਾ ਰਹੇ । ਇਸ ਨੂੰ ਯਕੀਨੀ ਬਣਾਇਆ ਜਾਵੇ ।

ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਆਪਣੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਇਨ੍ਹਾਂ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਉਣ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ